# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ:
# ਰੁਜ਼ਗਾਰ ਵਿਚ ਸੁਰੱਖਿਆ

BRITISH COLUMBIA

ਇਹ ਤੱਥ ਸ਼ੀਟ ਬੀ ਸੀ ਵਿਚਲੇ ਮਨੁੱਖੀ ਹੱਕਾਂ ਨੂੰ ਅਤੇ ਰੁਜ਼ਗਾਰ ਵਿਚ ਇਨ੍ਹਾਂ ਵਲੋਂ ਪ੍ਰਦਾਨ ਕੀਤੀ ਜਾਂਦੀ ਸੁਰੱਖਿਆ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕਾਂ ਦੀ ਰੱਖਿਆ ਅਤੇ ਹਿਮਾਇਤ ਕਰਨ ਲਈ ਕਾਨੂੰਨ ਹੈ। ਇਸ ਨੂੰ *ਬੀ ਸੀ ਹਿਊਮਨ ਰਾਈਟਸ ਕੋਡ* ਜਾਂ *ਕੋਡ* ਆਖਿਆ ਜਾਂਦਾ ਹੈ। ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਨਾਲ ਸੰਪਰਕ ਕਰੋ। ਸੰਪਰਕ ਕਰਨ ਬਾਰੇ ਜਾਣਕਾਰੀ ਇਸ ਤੱਥ ਸ਼ੀਟ ਦੇ ਅੰਤ 'ਤੇ ਦਿੱਤੀ ਗਈ ਹੈ।

## ਮੁਲਾਜ਼ਮਾਂ ਲਈ ਜਾਣਕਾਰੀ

*ਕੋਡ* ਜੌਬਾਂ ਲਈ ਅਰਜ਼ੀ ਦੇਣ ਵਾਲਿਆਂ ਅਤੇ ਮੁਲਾਜ਼ਮਾਂ ਦੀ ਰੱਖਿਆ ਕਰਦਾ ਹੈ।

### ✱ ਰੁਜ਼ਗਾਰ ਵਿਚ ਮੇਰੀ ਰੱਖਿਆ ਕਿਵੇਂ ਹੁੰਦੀ ਹੈ?

ਤੁਸੀਂ *ਕੋਡ* ਹੇਠ ਕੰਮ 'ਤੇ ਰੱਖੇ ਜਾਣ ਜਾਂ ਕੰਮ 'ਤੇ ਵਿਤਕਰੇ ਤੋਂ ਸੁਰੱਖਿਅਤ ਹੋ ਜੇ ਇਹ ਵਿਤਕਰਾ **ਰੱਖਿਆ ਵਾਲੀਆਂ ਨਿੱਜੀ ਵਿਸ਼ੇਸ਼ਤਾਵਾਂ** ਵਿੱਚੋਂ ਕਿਸੇ ਇਕ ਜਾਂ ਜ਼ਿਆਦਾ 'ਤੇ ਆਧਾਰਿਤ ਹੈ:

- ਨਸਲ, ਰੰਗ, ਪਿਛੋਕੜ, ਜਨਮ ਸਥਾਨ
- ਰਾਜਨੀਤਕ ਵਿਸ਼ਵਾਸ
- ਧਰਮ
- ਵਿਆਹੁਤਾ ਸਥਿਤੀ
- ਪਰਿਵਾਰਕ ਦਰਜਾ
- ਸਰੀਰਕ ਜਾਂ ਮਾਨਸਿਕ ਅਪਾਹਜਤਾ
- ਸੈਕਸ (ਇਸ ਵਿਚ ਗਰਭਵਤੀ, ਟ੍ਰਾਂਸਜੈਂਡਰ ਵੀ ਸ਼ਾਮਲ ਹਨ)
- ਕਾਮੁਕ ਰੁਚੀ
- ਉਮਰ (19 ਸਾਲ ਜਾਂ ਜ਼ਿਆਦਾ)
- ਮੁਜਰਮਾਨਾ ਜਾਂ ਸਮਰੀ ਓਫੈਂਸ ਲਈ ਦੋਸ਼ ਸਿੱਧੀ ਜੋ ਕਿ ਰੁਜ਼ਗਾਰ ਨਾਲ ਸੰਬੰਧਿਤ ਨਹੀਂ ਹੈ

ਤੁਸੀਂ ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ ਜੇ ਤੁਸੀਂ ਇਹ ਯਕੀਨ ਕਰਦੇ ਹੋਵੋ ਕਿ ਤੁਹਾਡੇ ਨਾਲ ਰੁਜ਼ਗਾਰ ਦੇ ਸੰਬੰਧ ਵਿਚ ਵਿਤਕਰਾ ਹੋਇਆ ਹੈ।

### ✱ ਰੁਜ਼ਗਾਰ ਵਿਚ ਵਿਤਕਰਾ ਕੀ ਹੈ?

*ਕੋਡ* ਰੁਜ਼ਗਾਰ ਦੇ ਸਾਰੇ ਪੱਖਾਂ ਦੀ ਰੱਖਿਆ ਕਰਦਾ ਹੈ, ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹਨ:

- ਭਰਤੀ ਕਰਨ ਲਈ ਐਡਾਂ
- ਇੰਟਰਵਿਊਆਂ
- ਕੰਮ 'ਤੇ ਰੱਖਣਾ
- ਕੰਮ ਦੀਆਂ ਹਾਲਤਾਂ
- ਤਰੱਕੀਆਂ ਅਤੇ ਬਰਤਰਫ਼ੀਆਂ
- ਭੱਤੇ
- ਤਨਖਾਹਾਂ

ਵਿਤਕਰੇ ਦਾ ਮਤਲਬ ਧਰਮ ਜਾਂ ਅਪਾਹਜਤਾ ਵਰਗੀ ਕਿਸੇ ਨਿੱਜੀ ਵਿਸ਼ੇਸ਼ਤਾ ਨੂੰ ਆਧਾਰ ਬਣਾ ਕੇ ਕਿਸੇ ਨਾਲ ਮਾੜਾ ਵਰਤਾਉ ਕਰਨਾ ਜਾਂ ਉਸ ਨੂੰ ਕੋਈ ਫਾਇਦਾ ਦੇਣ ਤੋਂ ਨਾਂਹ ਕਰਨਾ ਹੈ।

ਰੁਜ਼ਗਾਰ ਵਿਚ ਵਿਤਕਰੇ ਦੀਆਂ ਉਦਾਹਰਣਾਂ ਹਨ:

- ਕਿਸੇ ਔਰਤ ਨੂੰ ਇਸ ਕਰਕੇ ਕੰਮ ਤੋਂ ਹਟਾਉਣਾ ਕਿਉਂਕਿ ਉਹ ਗਰਭਵਤੀ ਹੈ
- ਕਿਸੇ ਦੀ ਦਿੱਖ, ਕੱਪੜਿਆਂ ਜਾਂ ਸਰੀਰ ਦੇ ਅੰਗਾਂ ਬਾਰੇ ਕਾਮੁਕ ਟਿੱਪਣੀਆਂ ਕਰਨਾ
- ਕਿਸੇ ਦੀ ਸਰੀਰਕ ਜਾਂ ਮਾਨਸਿਕ ਅਪਾਹਜਤਾ ਕਰਕੇ ਉਸ ਨੂੰ ਕੰਮ 'ਤੇ ਰੱਖਣ ਤੋਂ ਨਾਂਹ ਕਰਨਾ
- ਇਕੋ ਤਰ੍ਹਾਂ ਦੀ ਨੌਕਰੀ ਲਈ ਇਕੋ ਤਰ੍ਹਾਂ ਦੀ ਕੁਆਲੀਫਿਕੇਸ਼ਨ ਵਾਲੀ ਕਿਸੇ ਔਰਤ ਨੂੰ ਮਰਦ ਨਾਲੋਂ ਘੱਟ ਤਨਖਾਹ ਦੇਣਾ
- ਵਿਅਕਤੀ ਦੀ ਉਮਰ ਕਰਕੇ ਕਿਸੇ ਮੁਲਾਜ਼ਮ ਨੂੰ ਰਿਟਾਇਰ ਹੋਣ ਲਈ ਮਜ਼ਬੂਰ ਕਰਨਾ
- ਕਿਸੇ ਧਾਰਮਿਕ ਰਸਮ ਲਈ ਕੰਮ ਦੇ ਸਮੇਂ ਵਿਚ ਤਬਦੀਲੀ ਕਰਨ ਤੋਂ ਨਾਂਹ ਕਰਨਾ

### ✱ ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਮੇਰੀ ਮਨੁੱਖੀ ਹੱਕਾਂ ਦੀ ਸ਼ਿਕਾਇਤ ਬਣਦੀ ਹੈ?

*ਬੀ ਸੀ ਹਿਊਮਨ ਰਾਈਟਸ ਕੋਡ* ਹੇਠ ਰੁਜ਼ਗਾਰ ਨਾਲ ਸੰਬੰਧਿਤ ਸ਼ਿਕਾਇਤ ਕਰਨ ਲਈ, **ਅੱਗੇ ਲਿਖੇ ਸਾਰਿਆਂ** ਦਾ ਸੱਚ ਹੋਣਾ ਜ਼ਰੂਰੀ ਹੈ:

- ✔ ਤੁਹਾਡੇ ਨਾਲ ਬੁਰਾ ਵਰਤਾਉ ਕੀਤਾ ਗਿਆ ਹੈ।
- ✔ ਤੁਹਾਡੇ ਨਾਲ ਵੱਖਰੀ ਤਰ੍ਹਾਂ ਦਾ ਅਤੇ ਮਾੜਾ ਵਰਤਾਉ ਤੁਹਾਡੀ ਕਿਸੇ ਨਿੱਜੀ ਵਿਸ਼ੇਸ਼ਤਾ ਕਰਕੇ ਕੀਤਾ ਜਾ ਰਿਹਾ ਹੈ, ਜਿਵੇਂ ਕਿ ਤੁਹਾਡੀ ਨਸਲ, ਰੰਗ, ਧਾਰਮਿਕ ਅਕੀਦੇ, ਲਿੰਗ, ਮਾਨਸਿਕ ਜਾਂ ਸਰੀਰਕ ਅਪਾਹਜਤਾ, ਜਾਂ ਕਾਮੁਕ ਰੁਚੀ ਕਰਕੇ।
- ✔ ਇਹ ਵਰਤਾਉ ਕੰਮ ਦੀ ਕਿਸੇ ਹਾਲਤ ਵਿਚ ਹੋਇਆ ਹੈ ਜਾਂ ਕੰਮ ਨਾਲ ਸੰਬੰਧਿਤ ਹੈ

ਤੁਹਾਡੇ ਲਈ ਆਪਣੀ ਸ਼ਿਕਾਇਤ ਘਟਨਾ ਦੇ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਕਰਨਾ ਜ਼ਰੂਰੀ ਹੈ। (ਨੋਟ: ਸਮੇਂ ਦੀ ਇਸ ਸੀਮਾ ਵਿਚ ਕੁਝ ਛੋਟਾਂ ਹਨ।) ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜਿਹੜੀ ਕਿ ਅਦਾਲਤ ਦੀ ਕਾਰਵਾਈ ਵਾਂਗ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਨੂੰ **ਸ਼ਿਕਾਇਤਕਰਤਾ (ਕਮਪਲੇਨੈਂਟ)** ਆਖਿਆ ਜਾਂਦਾ ਹੈ।

## ਕੰਮ-ਮਾਲਕਾਂ ਲਈ ਜਾਣਕਾਰੀ

*ਕੋਡ* ਜੌਬਾਂ ਲਈ ਅਰਜ਼ੀ ਦੇਣ ਵਾਲਿਆਂ ਅਤੇ ਮੁਲਾਜ਼ਮਾਂ ਦੀ ਰੱਖਿਆ ਕਰਦਾ ਹੈ। ਕੰਮ-ਮਾਲਕਾਂ (ਇਮਪਲੌਏਅਰਜ਼) ਲਈ ਇਹ ਪੱਕਾ ਕਰਨਾ

ਜ਼ਰੂਰੀ ਹੈ ਕਿ:

- ਰੁਜ਼ਗਾਰ ਦੇ ਫੈਸਲੇ ਜੌਬ ਨਾਲ ਸੰਬੰਧਿਤ ਕਸੌਟੀ 'ਤੇ ਆਧਾਰਿਤ ਹਨ
- ਕੰਮ ਦਾ ਮਾਹੌਲ ਵਿਤਕਰੇ ਤੋਂ ਮੁਕਤ ਹੈ

## ✱ ਇੰਟਰਵਿਊ ਕਰਨ ਵੇਲੇ

ਇੰਟਰਵਿਊ ਕਰਨ ਦੌਰਾਨ ਕੰਮ-ਮਾਲਕਾਂ ਵਲੋਂ ਸਵਾਲ ਪੁੱਛਣ ਵੇਲੇ ਆਮ ਨਿਯਮ ਇਹ ਹੈ:

**ਸਿਰਫ ਉਹ ਹੀ ਪੁੱਛੋ ਜਿਸ ਦੀ ਹੁਨਰਾਂ ਅਤੇ ਯੋਗਤਾ ਦੇ ਆਧਾਰ 'ਤੇ ਕੰਮ 'ਤੇ ਰੱਖਣ ਲਈ ਚੋਣ ਕਰਨ ਦੀ ਲੋੜ ਹੈ।**

## ✱ ਜੌਬਾਂ ਦੀ ਮਸ਼ਹੂਰੀ ਦੇਣ ਵੇਲੇ

ਕੋਡ ਜੌਬਾਂ ਦੀਆਂ ਐਡਾਂ ਇਸ ਤਰ੍ਹਾਂ ਦੇਣ ਦੀ ਆਗਿਆ ਨਹੀਂ ਦਿੰਦਾ ਜਿਹੜੀਆਂ ਕੋਡ ਵਲੋਂ ਸੁਰੱਖਿਅਤ ਕੀਤੀਆਂ ਨਿੱਜੀ ਵਿਸ਼ੇਸ਼ਤਾਵਾਂ ਦੀ ਮੰਗ ਕਰਦੀਆਂ ਹੋਣ, ਜੇ ਕੰਮ ਦੀ ਅਜਿਹੀ ਕੋਈ ਵਾਜਬ ਮੰਗ ਨਹੀਂ ਹੈ। ਉਦਾਹਰਣ ਲਈ, ਕੋਈ ਕੰਮ-ਮਾਲਕ ਬੁਰੇ ਵਰਤਾਉ ਦਾ ਸ਼ਿਕਾਰ ਹੋਣ ਵਾਲੀਆਂ ਔਰਤਾਂ ਦੇ ਕਿਸੇ ਸ਼ੈਲਟਰ ਲਈ ਇਨਟੇਕ ਵਰਕਰ ਦੀ ਕਿਸੇ ਨੌਕਰੀ ਲਈ ਸਿਰਫ ਕਿਸੇ ਔਰਤ ਨੂੰ ਰੱਖਣ ਦੀ ਮਸ਼ਹੂਰੀ ਦੇ ਸਕਦਾ ਹੈ।

## ✱ ਡਿਊਟੀ ਟੂ ਅਕੋਮੋਡੇਟ ਕੀ ਹੈ?

ਕੰਮ-ਮਾਲਕਾਂ ਲਈ ਕੋਡ ਹੇਠ ਰੱਖਿਆ ਵਾਲੀਆਂ ਨਿੱਜੀ ਵਿਸ਼ੇਸ਼ਤਾਵਾਂ ਨੂੰ ਥਾਂ ਦੇਣ ਲਈ ਪੂਰੀ ਕੋਸ਼ਿਸ਼ ਕਰਨਾ ਜ਼ਰੂਰੀ ਹੈ। ਇਸ ਨੂੰ **ਡਿਊਟੀ ਟੂ ਅਕੋਮੋਡੇਟ** ਆਖਿਆ ਜਾਂਦਾ ਹੈ। ਸਹੂਲਤ ਦੇਣਾ ਖਾਸ ਹਾਲਤ 'ਤੇ ਨਿਰਭਰ ਕਰੇਗਾ।

ਉਦਾਹਰਣ ਲਈ, ਕਿਸੇ ਕੰਮ-ਮਾਲਕ ਨੂੰ ਇਹ ਕਰਨ ਦੀ ਲੋੜ ਹੋ ਸਕਦੀ ਹੈ:

- ਕਿਸੇ ਨੂੰ ਜ਼ਿਆਦਾ ਟਰੇਨਿੰਗ ਦੇਣ ਦੀ
- ਕੰਮ ਦਾ ਟਾਈਮ ਟੇਬਲ ਅਡਜਸਟ ਕਰਨ ਦੀ
- ਸਾਜ਼-ਸਾਮਾਨ ਵਿਚ ਸੋਧ ਕਰਨ ਜਾਂ ਖਰੀਦਣ ਦੀ
- ਕਿਸੇ ਮੁਲਾਜ਼ਮ ਦੇ ਕੰਮਾਂ ਵਿਚ ਤਬਦੀਲੀ ਕਰਨ ਦੀ

ਜੇ ਤੁਹਾਨੂੰ ਕੰਮ 'ਤੇ ਸੋਧ ਜਾਂ ਅਡਜਸਟਮੈਂਟ ਦੀ ਲੋੜ ਹੈ ਤਾਂ ਆਪਣੇ ਕੰਮ-ਮਾਲਕ ਨੂੰ ਦੱਸੋ। ਕੰਮ-ਮਾਲਕ ਸਭ ਤੋਂ ਢੁਕਵੀਂ ਅਡਜਸਟਮੈਂਟ ਕਰਨ ਲਈ ਵਾਜਬ ਯਤਨ ਕਰਨ ਲਈ ਜ਼ਿੰਮੇਵਾਰ ਹੈ - ਜੇ ਇਸ ਦਾ ਨਤੀਜਾ **ਨਾਜਾਇਜ਼ ਤੰਗੀ** ਵਿਚ ਨਾ ਨਿਕਲਦਾ ਹੋਵੇ।

## ✱ ਮੈਂ ਮਦਦ ਜਾਂ ਜ਼ਿਆਦਾ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?

**ਸ਼ਿਕਾਇਤਕਰਤਾ** ਸੂਬੇ ਭਰ ਵਿਚ ਕਿਤਿਉਂ ਵੀ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਰਾਹੀਂ ਜਾਣਕਾਰੀ ਲੈ ਸਕਦੇ ਹਨ। ਕਲੀਨਿਕ ਵਿਚਲੇ ਲੋਕ *ਹਿਊਮਨ ਰਾਈਟਸ ਕੋਡ* ਨੂੰ ਸਮਝਣ ਜਾਂ ਸੂਬਾਈ ਮਨੁੱਖੀ ਹੱਕਾਂ ਦੀ ਸ਼ਿਕਾਇਤ ਨਾਲ ਸਿੱਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਤੁਸੀਂ ਹੋਰ ਕਿਸਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਵੀ ਹੋ ਸਕਦੇ ਹੋ। ਇਹ ਪਤਾ ਲਾਉਣ ਲਈ ਕਲੀਨਿਕ ਵਿਖੇ ਕਿਸੇ ਨਾਲ ਗੱਲ ਕਰੋ ਕਿ ਕੀ ਤੁਸੀਂ ਯੋਗ ਹੋ।

### BC Human Rights Clinic

300-1140 West Pender Street, Vancouver, B.C. V6E 4G1
ਟੈਲੀਫੋਨ: 604 622-1100 ਦੂਰੋਂ ਮੁਫਤ: 1 855 685-6222
ਫੈਕਸ: 604 685-7611
ਔਨਲਾਈਨ: www.BCHRC.net

---

ਜੇ ਕਿਸੇ ਨੇ ਤੁਹਾਡੇ ਵਿਰੁੱਧ ਸ਼ਿਕਾਇਤ ਕੀਤੀ ਹੈ ਤਾਂ ਤੁਸੀਂ **ਉੱਤਰਦਾਤਾ (ਰਿਸਪੌਂਡੈਂਟ)** ਹੋ। **ਉੱਤਰਦਾਤਾ** ਸੂਬੇ ਵਿਚ ਕਿਤਿਉਂ ਵੀ ਅਤੇ ਵਿਕਟੋਰੀਆ ਏਰੀਏ ਦੇ **ਸ਼ਿਕਾਇਤਕਰਤਾ** ਇੱਥੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹਨ:

### University of Victoria

Law Centre Clinical Law Program
Suite 225 – 850 Burdett Avenue, Victoria, B.C. V8W 1B4
ਟੈਲੀਫੋਨ: 250 385-1221 ਦੂਰੋਂ ਮੁਫਤ: 1 866 385-1221
ਈ-ਮੇਲ: reception@thelawcentre.ca

---

ਤੁਸੀਂ ਜ਼ਿਆਦਾ ਜਾਣਕਾਰੀ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਤੋਂ ਲੈ ਸਕਦੇ ਹੋ:

### BC Human Rights Tribunal

Suite 1170 – 605 Robson Street, Vancouver, B.C. V6B 5J3
ਟੈਲੀਫੋਨ: 604 775-2000 ਦੂਰੋਂ ਮੁਫਤ: 1 888 440-8844
ਟੀ ਟੀ ਵਾਈ (ਬੋਲ਼ਿਆਂ ਲਈ): 604 775-2021
ਔਨਲਾਈਨ: www.bchrt.gov.bc.ca

*ਇਸ ਜਾਣਕਾਰੀ ਸ਼ੀਟ ਦਾ ਮੰਤਵ ਸਿਰਫ ਆਮ ਜਾਣਕਾਰੀ ਦੇਣਾ ਹੈ। ਇਸ ਦਾ ਮੰਤਵ ਕਾਨੂੰਨੀ ਸਲਾਹ ਦੇਣਾ ਜਾਂ ਕਾਨੂੰਨੀ ਸਲਾਹ ਦਾ ਬਦਲ ਬਣਨਾ ਨਹੀਂ ਹੈ।*